This Question Paper consists of **14 questions** and **7 printed pages**.
ਇਸ ਪ੍ਰਸ਼ਨ-ਪੱਤਰ ਵਿੱਚ **14** ਪ੍ਰਸ਼ਨ ਅਤੇ **7** ਮੁਦਰਿਤ ਪੰਨੇ ਹਨ ।

**Roll No.**
**ਰੋਲ ਨੰ : ਅੰਕਾਂ ਵਿਚ** | | | | | | | | | | | | |

Code No. **55/S/O/P**
ਕੋਡ ਨੰ.

**Set** **A**

# PUNJABI
# (ਪੰਜਾਬੀ)
# (210)

**Day and Date of Examination**
**ਪਰਿਖਿਆ ਦਾ ਦਿਨ ਅਤੇ ਮਿਤੀ** ____________________

**Signature of Invigilators** 1. ____________________
**ਨਿਰੀਖਕਾਂ ਦੇ ਦਸਖ਼ਤ**
2. ____________________

---

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹਨ। ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ।
3. ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ।
4. ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ।
5. ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ।
6. ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ **55/S/O/P-A** ਜ਼ਰੂਰ ਲਿਖੋ।

# PUNJABI

# (ਪੰਜਾਬੀ)

# (210)

Time : **3** Hours ] [ Maximum Marks : **100**

ਸਮਾਂ : **3** ਘੰਟ ] [ ਕੁਲ ਅੰਕ: **100**

ਨੋਟ : (1) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।

(2) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹ ਕੇ ਉਨ੍ਹਾਂ ਦੇ ਉੱਤਰ ਲਿਖੋ।

---

**1.** ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉਤੱਰ ਲਿਖੋ। **2x4=8**

"ਮਨੁੱਖ ਦਾ ਉਦੇਸ਼ ਖੁਸ਼ੀਆਂ ਭਰੀ ਸਫਲ ਤੇ ਸੁਚੱਜੀ ਜਿੰਦਗੀ ਜੀਉਣਾ ਹੈ। ਇਹ ਉਦੇਸ਼ ਮਨੱਖ ਵੱਲੋਂ ਆਪਣੇ ਮਾਨਸਿਕ ਵਿਕਾਸ ਲਈ ਸਵੈ-ਯਤਨਸ਼ੀਲ ਹੋਣ ਉਤੇ ਨਿਰੰਤਰ ਗਿਆਨ ਪ੍ਰਾਪਤ ਕਰਦੇ ਰਹਿਣ ਨਾਲ ਹਾਸਲ ਕੀਤਾ ਜਾ ਸਕਦਾ ਹੈ"

ਜੋ ਸਾਡੇ ਮਨ ਅੰਦਰ ਚਾਨਣ ਪੈਦਾ ਕਰਦਾ ਹੈ। ਗਿਆਨ ਦਾ ਚਾਨਣ ਸਾਨੂੰ ਜਿੰਦਗੀ ਦੇ ਰਾਹ-ਰਸਤਿਆਂ,ਡੰਡੀਆਂ-ਪਗਡੰਡੀਆਂ ਤੇ ਤੁਰਨਯੋਗ ਬਣਾਉਂਦਾ ਹੈ।

ਗਿਆਨ ਦੀ ਅਣਹੋਂਦ ਵਿੱਚ ਅਗਿਆਨ ਉਪਜਦਾ ਹੈ ਅਗਿਆਨ ਹਨ੍ਹੇਰਾ ਹੈ। ਹਨ੍ਹੇਰੇ ਵਿੱਚ ਜਿਦੰਗੀ ਦੀ ਮੈਰਾਥਾਨ ਪੂਰੀ ਨਹੀਂ ਕੀਤੀ ਜਾ ਸਕਦੀ। ਮਨੁੱਖ ਕੋਲ ਵਿਕਸਤ ਦਿਮਾਗ, ਬੁੱਧੀ ਤੇ ਤੇਜੀ ਨਾਲ ਗਿਆਨ ਗ੍ਰਹਿਣ ਕਰਨ ਦੀ ਸ਼ਕਤੀ ਮੌਜੂਦ ਹੈ। ਇਨ੍ਹਾਂ ਦੀ ਸੁਯੋਗ ਵਰਤੋਂ ਕਰਕੇ ਉਹ ਆਪਣੀ ਸ਼ਖਸ਼ੀਅਤ ਨੂੰ ਗੁਣਾਂ ਨਾਲ ਭਰਪੂਰ ਤੇ ਪ੍ਰਭਾਵਸ਼ਾਲੀ ਬਣਾ ਸਕਦਾ ਹੈ। ਗੁਣ ਤੇ ਗਿਆਨ ਸ਼ਖਸ਼ੀਅਤ ਦੇ ਗਹਿਣੇ ਹਨ। ਗਿਆਨ ਜੀਵਨ ਲਈ ਵਰਦਾਨ ਹੈ। ਗਿਆਨ ਜਿਦੰਗੀ ਦਾ ਕੇਂਦਰੀ ਧੁਰਾ ਹੈ।

ਉਚੇਰੇ ਯਤਨਾਂ ਨਾਲ ਗਿਆਨ ਭੰਡਾਰ ਅਸੀਮਤ ਹੱਦ ਤੱਕ ਵਧਾਇਆ ਜਾ ਸਕਦਾ ਹੈ। ਮਨੁੱਖ ਨੂੰ ਬਿਨਾਂ ਸਮਾਂ ਗੁਆਏ ਗਿਆਨ ਪ੍ਰਾਪਤੀ ਦੇ ਰਾਹ ਤੁਰ ਪੈਣਾ ਚਾਹੀਦਾ ਹੈ। ਗਿਆਨ ਪ੍ਰਾਪਤੀ ਲਈ ਕੀਤੇ ਜਾਂਦੇ ਯਤਨਾਂ ਨੂੰ ਬੇਲੋੜੇ ਤੇ ਸਮੇਂ ਦੀ ਬਰਬਾਦੀ ਨਹੀਂ ਸਮਝਣਾ ਚਾਹੀਦਾ।''

ਪ੍ਰਸ਼ਨ :

(i) ਮਨੁੱਖ ਸਫਲ ਤੇ ਸੁਚੱਜੀ ਜਿਦੰਗੀ ਜੀਊਣ ਦਾ ਆਪਣਾ ਉਦੇਸ਼ ਕਿਵੇਂ ਹਾਸਲ ਕਰ ਸਕਦਾ ਹੈ?

(ii) ਗਿਆਨ ਜੀਵਨ ਦਾ ਕੀ ਹੈ ਅਤੇ ਇਹ ਸਾਡੇ ਅੰਦਰ ਕੀ ਪੈਦਾ ਕਰਦਾ ਹੈ ?

(iii) ਮਨੁੱਖ ਆਪਣੀ ਸ਼ਖਸ਼ੀਅਤ ਨੂੰ ਗੁਣਾਂ ਨਾਲ ਭਰਪੂਰ ਅਤੇ ਪ੍ਰਭਾਵਸ਼ਾਲੀ ਕਿਵੇਂ ਬਣਾ ਸਕਦਾ ਹੈ?

(iv) ਮਨੁੱਖ ਨੂੰ ਬਿਨਾ ਸਮਾਂ ਗੁਆਏ ਕੀ ਕਰਨਾ ਚਾਹੀਦਾ ਹੈ ?

2. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : **1x15=15**

(i) ਪੰਜਾਬੀ ਮਾਤਰਾਵਾਂ ਔਂਕੜ, ਦੁਲੈਂਕੜ ਅਤੇ ਹੋੜਾ ਕਿਹੜੇ ਸਵਰ ਅੱਖਰ ਨਾਲ ਲਾਏ ਜਾਂਦੇ ਹਨ :

(A) ਅ (B) ੲ (C) ੳ (D) ਕੋਈ ਨਹੀਂ

(ii) ਪੰਜਾਬੀ ਵਿੱਚ ਕਿੰਨੇ ਦੁੱਤ ਅੱਖਰ ਹਨ :

(A) ਦੋ (B) ਚਾਰ (C) ਪੰਜ (D) ਤਿੰਨ

(iii) ਬਿੰਦੀ(.) ਲਗਾਖਰ ਦੀ ਵਰਤੋਂ ਕਿਹੜੇ ਅੱਖਰ ਲਈ ਕੀਤੀ ਜਾਂਦੀ ਹੈ :

(A) ਸ (B) ਲ (C) ਨ (D) ਙ

(iv) ਗੁਰਮੁਖੀ ਦੇ ਉਹ ਦੋ ਅੱਖਰ ਕਿਹੜੇ ਹਨ, ਜਿਹੜੇ ਬਿਨਾ ਮਾਤਰਾਂ ਤੋਂ ਨਹੀਂ ਲਿਖੇ ਜਾ ਸਕਦੇ :

(A) ੳ ਹ (B) ਅ ਸ (C) ੳ ੲ (D) ੳ ਙ

(v) ਜਿਸ ਸ਼ਬਦ ਤੋਂ ਕਿਸੇ ਕੰਮ ਦੇ ਕਰਨ ਜਾਂ ਹੋਣ ਦਾ ਪ੍ਰਗਟਾਵਾ ਹੋਵੇ ਉਸ ਨੂੰ ਕੀ ਕਹਿੰਦੇ ਹਨ :

(A) ਪੜਨਾਂਵ (B) ਸਕਰਮਕ ਕਿਰਿਆ

(C) ਕਿਰਿਆ (D) ਅਕਰਮਕ ਕਿਰਿਆ

(vi) ਪਾਰਸ ਪੜ੍ਹ ਰਿਹਾ ਹੈ। ਇਸ ਵਾਕ ਵਿੱਚ ਕਿਹੜੀ ਕਿਰਿਆ ਹੈ :

(A) ਸਹਾਇਕ ਕਿਰਿਆ (B) ਸਕਰਮਕ ਕਿਰਿਆ

(C) ਅਕਰਮਕ ਕਿਰਿਆ (D) ਪਤਾ ਨਹੀਂ

(vii) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਇਸਤਰੀ ਲਿੰਗ ਨਹੀਂ ਹੈ :

(A) ਜੱਟੀ (B) ਅੱਗ (C) ਦੁੱਧ (D) ਸਹੁੰ

(viii) ਭਗਤ ਸਿੰਘ ਨੇ ਦੇਸ਼ ਲਈ ਕੁਰਬਾਨੀ ਦਿੱਤੀ। 'ਕੁਰਬਾਨੀ' ਸ਼ਬਦ ਦਾ ਸਹੀ ਵਿਕਲਪ ਚੁਣੋ :

(A) ਜੇਲ ਕੱਟੀ (B) ਕਤਲ ਕੀਤਾ

(C) ਗੋਲੀ ਮਾਰੀ (D) ਸ਼ਹਾਦਤ ਦਿੱਤੀ

(ix) ਗੁਰਮੁਖੀ ਲਿਪੀ ਦੇ ਕਿੰਨੇ ਅੱਖਰ ਹਨ :

(A) ਛੱਤੀ (B) ਸੈਂਤੀ (C) ਪੈਂਤੀ (D) ਚੌਂਤੀ

(x) ਨਾਂਵ ਸ਼ਬਦ ਕਿਸ ਗੱਲ ਦਾ ਗਿਆਨ ਦਿੰਦੇ ਹਨ :

(A) ਨਾਂਵ ਸ਼ਬਦ ਕਿਰਿਆ ਦਾ ਗਿਆਨ ਦਿੰਦੇ ਹਨ।

(B) ਨਾਂਵ ਸ਼ਬਦ ਪੜਨਾਂਵ ਦਾ ਗਿਆਨ ਦਿੰਦੇ ਹਨ।

(C) ਨਾਂਵ ਸ਼ਬਦ ਮਨੁੱਖ,ਵਸਤੂ ਜਾਂ ਸਥਾਨ ਦਾ ਗਿਆਨ ਦਿੰਦੇ ਹਨ।

(D) ਨਾਂਵ ਸ਼ਬਦ ਭਾਸ਼ਾ ਦਾ ਗਿਆਨ ਦਿੰਦੇ ਹਨ।

(xi) ਵਿਸ਼ੇਸ਼ਣ ਸ਼ਬਦ ਕਿਸ ਨਾਲ ਲਗਦਾ ਹੈ :

(A) ਸੰਬੰਧਕ ਨਾਲ (B) ਯੋਜਕ ਨਾਲ

(C) ਨਾਂਵ ਨਾਲ (D) ਕਿਸੇ ਨਾਲ ਨਹੀਂ

(xii) 'ਉਪ' ਅਗੇਤਰ ਲਾ ਕੇ ਸ਼ਹੀ ਸ਼ਬਦ ਚੁਣੋ :

(A) ਉਪਕਾਰ (B) ਉਪਦੇਸ਼

(C) ਉਪਮਾ (D) ਉਪ-ਰਾਸ਼ਟਰਪਤੀ

(xiii) ਪੜਨਾਂਵ ਕਿਸ ਨੂੰ ਕਹਿੰਦੇ ਹਨ:ਸਹੀ ਵਿਕਲਪ ਚੁਣੋ :

(A) ਜੋ ਸ਼ਬਦ ਕਿਸੇ ਮਨੁੱਖ ਦੇ ਗੁਣ ਦੱਸੇ।

(B) ਜੋ ਸ਼ਬਦ ਕਿਸੇ ਪ੍ਰਾਣੀ ਦੀ ਜਾਂ ਵਸਤੂ ਦੀ ਗਿਣਤੀ ਦਸਦੇ ਹਨ।

(C) ਜਿਨ੍ਹਾਂ ਸ਼ਬਦਾਂ ਦੀ ਵਰਤੋਂ ਨਾਂਵ ਦੀ ਥਾਂ ਹੋਵੇ।

(D) ਜੋ ਸ਼ਬਦ ਦੋ ਜਾਂ ਦੋ ਤੋਂ ਵੱਧ ਅੱਖਰਾਂ ਦੇ ਮਿਲਣ ਤੋਂ ਬਣਦੇ ਹਨ।

(xiv) ਹੇਠ ਲਿਖੇ ਵਾਕ ਵਿੱਚ ਲਕੀਰੇ ਸ਼ਬਦ ਦੀ ਜਗਾ ਹੋਰ ਕਿਹੜਾ ਸਮਾਨਾਰਥਕ ਸ਼ਬਦ ਵਰਤਿਆ ਜਾ ਸਕਦਾ ਹੈ ? ਮੇਰਾ ਦੇਸ਼ ਭਾਰਤ ਬਹੁਤ <u>ਵਿਕਾਸ</u> ਕਰ ਰਿਹਾ ਹੈ।

(A) ਉਭਾਰ (B) ਚੜ੍ਹਤ (C) ਚੜ੍ਹਦੀ ਕਲਾ (D) ਉਨੱਤੀ

(xv) ਹੇਠ ਲਿਖੇ ਵਿਕਲਪਾਂ ਵਿਚੋਂ ਸ਼ੁਧ ਸ਼ਬਦ ਚੁਣੋ :

(A) ਉਪਾਐ (B) ਉਪਾਯੇ (C) ਉਪਾਯਾ (D) ਉਪਾਅ

**3.** ਹੇਠ ਲਿਖੇ ਅਖਾਣ ਅਤੇ ਮੁਹਾਵਰਿਆਂ ਨੂੰ ਪੂਰਾ ਕਰੋ : **1x5=5**

(i) ਗਲ ਪਿਆ ਢੋਲ __________

(ii) ਆਪਣੀ ਪੀੜ੍ਹੀ ਹੇਠ __________

(iii) ਆਪਣੇ ਪੈਰੀ ਆਪ __________

(iv) ਉਦੱਮ ਅੱਗੇ ਲੱਛਮੀ __________

(v) ਇੱਕ ਮੱਛੀ ਸਾਰਾ ਜਲ __________

4. ਹੇਠ ਲਿਖੇ ਵਾਰਤਾ ਨੂੰ ਵਿਸਰਾਮ ਚਿੰਨ੍ਹ ਲਾ ਕੇ ਲਿਖੋ। ਇੱਕ ਸਿੱਖ ਨੇ ਆ ਕੇ ਗੁਰੂ ਨਾਨਕ ਦੇਵ ਜੀ ਤੋਂ ਪੁਛਿਆ ਕਿ ਸੱਚੇ ਪਾਤਸ਼ਾਹ ਮੈਂ ਤਾਂ ਹਰ ਰੋਜ ਬਾਣੀ ਪੜ੍ਹਦਾ ਹਾਂ ਸਿਮਰਨ ਵੀ ਕਰਦਾ ਹਾਂ ਪਰ ਮਨ ਫਿਰ ਵੀ ਭਟਕਦਾ ਹੀ ਫਿਰਦਾ ਹੈ ਅਜੇ ਤੱਕ ਸ਼ਾਂਤੀ ਨਹੀਂ ਮਿਲੀ ਗੁਰੂ ਜੀ ਨੇ ਕਿਹਾ ਭਗਤਾ ਸਿਮਰਨ ਕਰੀ ਜਾ **3**

5. ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਤੋਂ ਘੱਟੋ-ਘੱਟ ਦੋ ਅਜਿਹੇ ਵਾਕ ਬਣਾਉ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋ ਜਾਣ : **2**

ਸੰਗ, ਸਾਰ

6. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇੱਕ ਵਿਸ਼ੇ ਉਤੇ ਲਗਪਗ **250** ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ : **10**
   (i) ਸਮੇਂ ਦੀ ਕਦਰ
   (ii) ਵਿਦਿਆਰਥੀਆਂ ਵਿੱਚ ਅਨੁਸ਼ਾਸ਼ਨ ਹੀਣਤਾ ਤੇ ਬੇਚੈਨੀ
   (iii) ਮਿਠੱਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ
   (iv) ਮੋਬਾਇਲ ਫੋਨ: ਵਰ ਜਾਂ ਸਰਾਪ

7. ਤੁਹਾਡੇ ਇਲਾਕੇ ਵਿੱਚ ਬਿਜਲੀ ਲਗਾਤਾਰ ਕਈ-ਕਈ ਘੰਟੇ ਨਹੀ ਆ ਰਹੀ, ਇਸ ਦੀ ਸੂਚਨਾ ਇਲਾਕੇ ਦੇ ਬਿਜਲੀ ਮੈਨੇਜਰ ਨੂੰ ਦੇਂਦੇ ਹੋਏ, ਕੋਈ ਠੋਸ ਹਲ ਕੱਢਣ ਲਈ ਬੇਂਨਤੀ ਪੱਤਰ ਲਿਖੋ। **7**

ਜਾਂ

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਬਲਾਤਕਾਰੀ ਦੀਆਂ ਵਧਦੀਆਂ ਵਾਰਦਾਤਾਂ ਤੇ ਚਿੰਤਾ ਪਰਗਟ ਕਰਦੇ ਹੋਏ, ਇਸ ਦੀ ਰੋਕਥਾਮ ਦੀ ਵਿਵਸਥਾ ਲਈ ਆਪਣਾ ਕੋਈ ਸੁਝਾਅ ਵੀ ਦਿਓ।

## ਭਾਗ-ਅ

8. ''ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ਮਤ ਸ਼ਰਮਿੰਦਾ ਥੀਵਹਿ ਸਾਂਈ ਦੇ ਦਰਬਾਰਿ।'' **5**

ਉਪਰੋਕਤ ਸ਼ਲੋਕ ਵਿੱਚ ਬਾਬਾ ਫ਼ਰੀਦ ਜੀ ਲੋਕਾਂ ਨੂੰ ਕੀ ਉਪਦੇਸ਼ ਦੇ ਰਹੇ ਹਨ ? **100-125** ਸ਼ਬਦਾਂ ਵਿੱਚ ਲਿਖੋ।

ਜਾਂ

ਸਭ ਕੋ ਨਿਵੈ ਆਪ ਕਉ ਪਰ ਕਿਉ ਨਿਵੈ ਨਾ ਕੋਇ।।
ਧਰਿ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ।।
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਇ।।
ਸੀਸ ਨਿਵਾਇਐ ਕਿਆ ਥੀਆ ਜਾਂ ਰਿਦੇ ਕੁਸੁਧੇ ਜਾਇ।।

ਇਸ ਸ਼ਲੋਕ ਵਿੱਚ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਕੀ ਸਮਝਾਉਣਾ ਚਾਹੁੰਦੇ ਹਨ ? ਉੱਤਰ **100-125** ਸ਼ਬਦਾਂ ਵਿੱਚ ਲਿਖੋ।

9. ਸ:ਸੁਜਾਨ ਸਿੰਘ ਕਹਾਣੀਕਾਰ ਆਪਣੀ ਕਹਾਣੀ 'ਸਵਰਗ ਦੀ ਝਲਕ' ਵਿੱਚ ਕਿੰਨ੍ਹਾਂ ਲੋਕਾਂ ਲਈ 'ਸਵਰਗ ਦੀ ਝਲਕ' ਦੀ ਕਲਪਨਾ ਕਰਦਾ ਹੈ ? ਕਹਾਣੀ ਦੇ ਹਵਾਲੇ ਨਾਲ ਇਹ ਗੱਲ **100-125** ਸ਼ਬਦਾਂ ਵਿੱਚ ਬਿਆਨ ਕਰੋ। **5**

10. ਨਾਟਕਕਾਰ ਨੇ ਇਕਾਂਗੀ ਦਾ ਸਿਰਲੇਖ 'ਬੇਈਮਾਨ' ਰੱਖਿਆ ਹੈ। ਇਸ ਤੋਂ ਇਹ ਗੱਲ ਸ਼ਪਸ਼ਟ ਹੁੰਦੀ ਹੈ ਕਿ ਤਿੰਨੋ ਪਾਤਰ ਬੇਈਮਾਨ ਹਨ। ਕਹਾਣੀ ਦੇ ਹਵਾਲੇ ਨਾਲ **100-125** ਸ਼ਬਦਾਂ ਵਿੱਚ ਲਿਖੋ। **5**

11. ਜਲ੍ਹਿਆਂ ਵਾਲੇ ਬਾਗ ਦੀ ਘਟਨਾ ਦਾ ਸ:ਭਗਤ ਸਿੰਘ ਤੇ ਕੀ ਅਸਰ ਹੋਇਆ ? ਉੱਤਰ **100-125** ਸ਼ਬਦਾਂ ਵਿੱਚ ਲਿਖੋ। **5**

12. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਇੱਕ ਵਾਕ ਵਿੱਚ ਲਿਖੋ।ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ। **1x12=12**

(i) ਸਾਂਈ ਬੁੱਲੇ ਸ਼ਾਹ ਦਾ 'ਮਾਟੀ ਕੁਦਮ ਕਰੇਂਦੀ ਯਾਰ' ਤੋਂ ਕੀ ਭਾਵ ਹੈ ?

(ii) ਦਿਲ ਦਾ ਰੋਗ ਮਿਟਾਉਣ ਵਾਲੇ ਲਈ ਹੀਰ ਕੀ ਕਰਨ ਨੂੰ ਤਿਆਰ ਹੈ ?

(iii) ਕਵੀ ਸੁਰਜੀਤ ਪਾਤਰ ਅਨੁਸਾਰ ਮਿਰਚਾਂ ਦੀ ਪਹਿਲੀ ਫਸਲ ਲੱਗਣ ਦਾ ਕੀ ਕਾਰਨ ਸੀ ?

(iv) ਕਹਾਣੀਕਾਰ ਅਜੀਤ ਕੌਰ ਨੰਦੂ ਨੌਕਰ ਦੇ ਜੀਵਨ ਨੂੰ ਦੇਖ ਕੇ ਕੀ ਸੋਚਦੀ ਹੈ ?

(v) ਸ:ਕੁਲਵੰਤ ਸਿੰਘ ਵਿਰਕ ਨੇ'ਸਾਂਝ' ਕਹਾਣੀ ਵਿੱਚ ਕਿਸ ਤਰ੍ਹਾਂ ਦੀ ਸਾਂਝ ਦੀ ਗੱਲ ਦੱਸੀ ਹੈ ?

(vi) ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਧਾਰਮਿਕ ਜੀਵਨ ਦੀ ਨੀਂਹ ਕਿਥੋਂ ਆਰੰਭ ਹੁੰਦੀ ਹੈ ?

(vii) ਸ: ਹਰੀ ਸਿੰਘ ਨਲਵਾ ਕਿਸ ਫ਼ੌਜ ਦਾ ਜਰਨੈਲ ਸੀ ?

(viii) ਗੁਰੂ ਨਾਨਕ ਸਾਹਿਬ ਜੀ ਦੀ ਭੈਣ ਬੀਬੀ ਨਾਨਕੀ ਬਚਪਨ ਵਿੱਚ ਆਪਣੇ ਛੋਟੇ ਵੀਰ ਨਾਨਕ ਨੂੰ ਕਿਸ ਦੀ ਕੁੱਟ ਮਾਰ ਤੋਂ ਬਚਾਉਂਦੀ ਹੈ ?

(ix) ਮਹਾਰਾਜਾ ਰਣਜੀਤ ਸਿੰਘ ਦੀ ਨਜ਼ਰ ਵਿੱਚ ਲੋਕ ਬਰਾਬਰੀ ਤੋਂ ਕੀ ਭਾਵ ਸੀ ?

(x) ਸ:ਭਗਤ ਸਿੰਘ ਬਚਪਨ ਤੋਂ ਹੀ ਕਿਹੜੇ ਵਿਚਾਰਾਂ ਦਾ ਧਾਰਨੀ ਸੀ ?

(xi) ਇਕਾਂਗੀ 'ਬੇਈਮਾਨ' ਵਿੱਚ ਮਿਸਤਰੀ ਦੀ ਕੀ ਮਜ਼ਬੂਰੀ ਸੀ ਕਿ ਉਹ ਮੋਟਰ ਵਾਲੇ ਕੋਲੋਂ ਪੰਜ ਰੁਪਏ ਜ਼ਿਆਦਾ ਲੈ ਲੈਂਦਾ ਹੈ ?

(xii) ਇਕਾਂਗੀ ਵਿੱਚ ਵਰਕਸ਼ਾਪ ਦਾ ਮੈਨੇਜਰ ਮੋਟਰ ਵਾਲੇ ਦੀ ਸ਼ਿਕਾਇਤ ਤੇ ਮਿਸਤਰੀ ਨੂੰ ਕੀ ਸਜ਼ਾ ਦੇਣ ਲਈ ਤਿਆਰ ਹੋ ਜਾਂਦਾ ਹੈ ?

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **30-40** ਸ਼ਬਦਾਂ ਵਿੱਚ ਲਿਖੋ : **6x2=12**

(i) 'ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ,
ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ,
ਉਪਰੋਕਤ ਕਾਵਿ ਸਤਰਾਂ ਦਾ ਭਾਵ ਸ਼ਪਸ਼ਟ ਕਰੋ ?

(ii) ਸ਼ਿਵ ਕੁਮਾਰ ਬਟਾਲਵੀ ਰੁੱਖਾਂ ਨੂੰ ਕਿਸ ਨਾਲ ਤੁਲਨਾ ਕਰਦਾ ਹੈ ਅਤੇ ਉਸ ਤੋਂ ਕੀ ਖ਼ੈਰ ਮੰਗਦਾ ਹੈ ?

(iii) ਨੰਦੂ ਗਿੜਵਾਲੀ ਨੌਕਰ ਠੀਕਠਾਕ ਕੰਮ ਕਰ ਰਿਹਾ ਸੀ, ਪਰ ਸਰਦਾਰ ਨੇ ਫਿਰ ਵੀ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ, ਐਸਾ ਕਿਉ ?

(iv) ਸ:ਗੁਰਬਖਸ਼ ਸਿੰਘ ਪ੍ਰੀਤਲੜੀ ਆਪਣੇ ਲੇਖ 'ਵਾਤਾਵਰਣ' ਵਿੱਚ ਸੁੰਦਰਤਾ ਕਿਸ ਵਿੱਚ ਦਸਦਾ ਹੈ ?

(v) ਸ:ਰਣਜੀਤ ਸਿੰਘ ਨੇ ਆਪਣੇ ਜ਼ਰਨੈਲਾਂ ਨੂੰ ਕੀ ਹੁਕਮ ਦੇ ਕੇ ਰੱਖਿਆ ਸੀ ?

(vi) ਪ੍ਰਿਸੀਪਲ ਤੇਜਾ ਸਿੰਘ ਲਿਖਦੇ ਹਨ ਕਿ ਮੁਹੰਮਦ ਸਾਹਿਬ ਦੀ ਜ਼ਿੰਦਗੀ ਤ ਉਨ੍ਹਾਂ ਦੀ ਬੇਗਮ ਦਾ ਬੜਾ ਅਸਰ ਸੀ। ਇਸ ਗੱਲ ਨੂੰ 40 ਸ਼ਬਦਾਂ ਵਿੱਚ ਲਿਖੋ ?

**14.** ਹੇਠ ਲਿਖੇ ਸ਼ਬਦਾਂ ਦੇ ਉੱਤਰ ਲਗਪਗ **50** ਸ਼ਬਦਾਂ ਵਿੱਚ ਲਿਖੋ ? **2x3=6**

(i) ਸ਼ਾਹ ਮੁਹੰਮਦ 'ਜੰਗ ਸਿੰਘਾਂ ਤੇ ਫਰੰਗੀਆਂ' ਵਿੱਚ ਸਿੱਖ ਫ਼ੌਜ ਦੇ ਹਾਰਨ ਦਾ ਕਾਰਨ ਕੀ ਮੰਨਦਾ ਹੈ ?

(ii) ਕਹਾਣੀਕਾਰ ਅਜੀਤ ਕੌਰ "ਨੰਦੂ'' ਦੀ ਕਹਾਣੀ ਜ਼ਰੂਰ ਲਿਖਣ ਲਈ ਕਿਉਂ ਸੋਚਦੀ ਹੈ ?

**- o O o -**